ਵੱਲੋਂ,

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਨੰ: 2 ਭਤੇਮ ਸ਼ਾਖਾ,
ਬਠਿੰਡਾ।

ਸੇਵਾ ਵਿਖੇ,

Idea Cellular Ltd.
C- 105, INDL, Area Phase-vii
Mohali, Punjab.

ਨੰਬਰ:- 104 ਮਿਤੀ:- 18-04-2017

ਵਿਸ਼ਾ :- Permission for Laying OFC from Raman to Talwandi road via Malkana .

ਹਵਾਲਾ:- ਆਪ ਜੀ ਦੇ ਦਫਤਰ ਦਾ ਪੱਤਰ ਨੰ ਨਿੱਲ ਮਿਤੀ 17/01/2017 ਅਤੇ ਮਿਤੀ 19/03/2017

ਆਪ ਦੇ ਹਵਾਲੇ ਅਧੀਨ ਪੱਤਰ ਰਾਹੀਂ ਬੈਂਕ ਗਾਰੰਟੀ ਨੰ 0958OBG17003873 ਬਾਬਤ ਰਕਮ 13,01,900/- ਮਿਤੀ 06-03-2017 ਅਤੇ ਡੀ.ਡੀ ਨੰ 767342 ਬਾਬਤ ਰਕਮ 6,46,954/- ਮਿਤੀ 23-02-2017 ਨੂੰ ਪ੍ਰਾਪਤ ਹੋਣ ਉਪਰੰਤ ਇਸ ਮੰਡਲ ਦੀ ਹਦੂਦ ਵਿੱਚ ਪੈਂਦੀਆਂ ਉਪਰੋਕਤ ਸੜਕਾਂ ਦੀਆਂ ਬਰਮਾਂ ਤੇ ਕੇਬਲ ਪਾਉਣ ਦੀ ਮੰਜੂਰੀ ਹੇਠ ਲਿਖੀਆਂ ਸ਼ਰਤਾਂ ਨੂੰ ਮੱਦੇ ਨਜਰ ਰੱਖਦੇ ਹੋਏ ਦਿੱਤੀ ਜਾਂਦੀ ਹੈ:-

1. ਸੜਕ ਦੇ ਬਰਮ ਦੇ ਆਖਰੀ ਹਿੱਸੇ ਤੇ ਕੇਬਲ ਪਾਉਣ ਸਮੇਂ ਟਰੈਫਿਕ ਦਾ ਖਾਸ ਖਿਆਲ ਰੱਖਿਆ ਜਾਵੇ ਅਤੇ ਰਾਤ ਸਮੇਂ ਕੰਮ ਨਾ ਕੀਤਾ ਜਾਵੇ।
2. ਬਰਮ ਤੇ ਕੇਬਲ ਪਾਉਣ ਸਮੇਂ ਉਕਤ ਸੜਕ ਤੇ ਆਵਾਜਾਈ ਬੰਦ ਨਾ ਕੀਤੀ ਜਾਵੇ।
3. ਬਰਮ ਤੇ ਕੇਬਲ ਪਾਉਣ ਸਮੇਂ ਕਿਸੇ ਦੁਰਘਟਨਾ ਦੀ ਜਿੰਮੇਵਾਰੀ ਆਪ ਦੀ ਹੋਵੇਗੀ।
4. ਬਰਮ ਤੇ ਕੇਬਲ ਆਦਿ ਲੰਘਾਉਣ ਦਾ ਖਰਚਾ ਆਪ ਵੱਲੋਂ ਕੀਤਾ ਜਾਵੇਗਾ ਅਤੇ ਇਹ ਕੰਮ ਪੀ.ਡਬਲਯੂ.ਡੀ. ਦੀਆਂ ਸਪੈਸ਼ੀਫਿਕੇਸ਼ਨਾਂ ਅਨੁਸਾਰ ਕੀਤਾ ਜਾਵੇ।
5. ਬਰਮ ਵਾਲੀ ਜਗ੍ਹਾ ਤੇ ਚੰਗੀ ਤਰ੍ਹਾਂ ਕੰਮਪੈਕਸ਼ਨ ਕਰਕੇ ਬਰਮ ਦੀ ਰਿਪੇਅਰ ਕੀਤੀ ਜਾਵੇ।
6. ਬਰਮਾਂ ਤੇ ਵੀ ਮਿੱਟੀ ਲੈਵਲ ਵਿੱਚ ਪਾ ਕੇ ਪਰਾਪਰ ਕੰਮਪੈਕਸ਼ਨ ਕੀਤੀ ਜਾਵੇ।
7. ਕੇਬਲ ਪਾਉਣ ਸਮੇਂ ਜੰਗਲਾਤ ਵਿਭਾਗ, ਦੀ ਪਲਾਂਟੇਸ਼ਨ ਦਾ ਕੋਈ ਨੁਕਸਾਨ ਨਾ ਹੋਵੇ ਜਾਂ ਸਬੰਧਤ ਵਿਭਾਗ ਤੋਂ ਮੰਨਜੂਰੀ ਲੈਣ ਉਪਰੰਤ ਹੀ ਕੰਮ ਸ਼ੁਰੂ ਕੀਤਾ ਜਾਵੇ।
8. ਜੇ ਕਿਸੇ ਹੋਰ ਕੰਪਨੀ/ ਬੀ.ਐਸ.ਐਨ.ਐੱਲ ਵੱਲੋਂ ਪਹਿਲਾਂ ਕੋਈ ਕੇਬਲ ਜਾਂ ਨੈਟਵਰਕ ਦੀ ਕੇਬਲ ਪਾਈ ਗਈ ਹੈ ਤਾਂ ਉਸ ਦੇ ਨੁਕਸਾਨ ਦੀ ਜਿੰਮੇਵਾਰੀ ਆਪ ਦੀ ਕੰਪਨੀ ਦੀ ਹੋਵੇਗੀ।
9. ਜੇਕਰ ਭਵਿੱਖ ਵਿੱਚ ਸੜਕ ਦੀ ਵਾਈਡਨਿੰਗ ਕੀਤੀ ਜਾਂਦੀ ਹੈ ਤਾਂ ਕੰਪਨੀ ਨੂੰ ਆਪਣੇ ਖਰਚੇ ਤੇ ਕੇਬਲ ਨੂੰ ਰਿਮੂਵ ਕਰਨਾ ਪਵੇਗਾ।

ਕਾਰਜਕਾਰੀ ਇੰਜਨੀਅਰ,
ਉਸਾਰੀ ਮੰਡਲ ਨੰ:2, ਭਤੇਮ ਸ਼ਾਖਾ,
ਬਠਿੰਡਾ।

ਪਿੱਠ ਅੰਕਣ ਨੰ:- ਮਿਤੀ:-

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜੀਨੀਅਰ, ਉਸਾਰੀ ਉਪ ਮੰਡਲ ਭਤੇਮ ਸ਼ਾਖਾ ਨੰ: 3 ਬਠਿੰਡਾ ਨੂੰ ਉਹਨਾਂ ਦੇ ਪੱਤਰ ਨੰ: 239 ਮਿਤੀ 14-02-2017 ਰਾਹੀਂ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਸੜਕ ਦੇ ਬਰਮ ਤੇ ਕੇਬਲ ਪੀ.ਡਬਲਯੂ.ਡੀ. ਦੀਆਂ ਸਪੈਸ਼ੀਫਿਕੇਸ਼ਨਾਂ ਅਨੁਸਾਰ ਆਪਣੇ ਜੂਨੀਅਰ ਇੰਜੀਨੀਅਰ ਦੀ ਨਿਗਰਾਨੀ ਹੇਠ ਏਜੰਸੀ ਵੱਲੋਂ ਪਵਾਉਣਾ ਯਕੀਨੀ ਬਣਾਇਆ ਜਾਵੇ।

ਕਾਰਜਕਾਰੀ ਇੰਜਨੀਅਰ,
ਉਸਾਰੀ ਮੰਡਲ ਨੰ:2, ਭਤੇਮ ਸ਼ਾਖਾ,
ਬਠਿੰਡਾ।